ਨੰ;12/07/2020-4ਪੀਪੀ2/167

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪੀ.ਪੀ.2-ਸ਼ਾਖਾ)

ਮਿਤੀ,ਚੰਡੀਗੜ੍ਹ;-13-03-2020

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਐਂਡ ਹਰਿਆਣਾ ਹਾਈ ਕੋਰਟ,
ਡਵੀਜਨਾ ਦੇ ਕਮਿਸ਼ਨਰਜ਼, ਜਿਲ੍ਹਿਆ ਦੇ ਡਿਪਟੀ ਕਮਿਸ਼ਨਰਜ਼ ਅਤੇ
ਉਪ ਮੰਡਲ ਅਫਸਰ (ਸਿਵਲ), ਪੰਜਾਬ।

ਵਿਸ਼ਾ;- **COVID-19 Guildelines for employers and employees of Government of Punjab.**

ਸ੍ਰੀਮਤੀ/ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਵੱਲ ਆਪ ਦਾ ਧਿਆਨ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਦੇਸ਼ ਵਿੱਚ ਕੋਵਿਡ (COVID-19) ਦੀ ਮਹਾਂਮਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਇਸ ਮਹਾਂਮਾਰੀ ਤੋਂ ਬਚਣ/ਰੋਕਣ ਲਈ ਹੇਠ ਲਿਖੀਆਂ ਗਾਇਡਲਾਈਨਜ਼ ਦੀ ਪਾਲਣਾ ਕਰਨ ਸਬੰਧੀ ਹਦਾਇਤ ਹੋਈ ਹੈ;-

1. **ਜੇਕਰ ਕੋਈ ਕਰਮਚਾਰੀ ਐਕਸ ਇੰਡੀਆ ਲੀਵ ਤੋਂ ਪਰਤਦਾ ਹੈ ਤਾਂ ਉਸ ਨੂੰ ਕੀ ਕਰਨਾ ਚਾਹੀਦਾ ਹੈ ?**

   ਮਿਤੀ 06.03.2020 ਨੂੰ ਪੰਜਾਬ ਸਰਕਾਰ ਦੀ ਜਾਰੀ ਹੋਈ ਨੋਟੀਫਿਕੇਸ਼ਨ ਦੇ ਮੱਦੇ ਨੱਜਰ ਕਿਸੇ ਵੀ ਸਰਕਾਰੀ ਕਰਮਚਾਰੀ ਦੀ ਐਮਰਜ਼ੈਸੀ ਹਾਲਤਾਂ ਨੂੰ ਛੱਡਕੇ ਅਗਲੇ ਹੁਕਮਾਂ ਤੱਕ ਐਕਸ ਇੰਡੀਆ ਲੀਵ ਪ੍ਰਵਾਨ ਨਾ ਕੀਤੀ ਜਾਵੇ ।ਪੰਜਾਬ ਸਰਕਾਰ ਦੇ ਮੁਲਾਜਮ ਜਿਹੜੇ 1 ਮਾਰਚ 2020 ਤੋਂ ਬਾਅਦ ਕਿਸੇ ਦੇਸ਼ ਤੋਂ ਵਾਪਸ ਪਰਤੇ ਹਨ ਉਹ 14 ਦਿਨਾਂ ਲਈ ਦਫਤਰ ਨਹੀਂ ਆਉਣਗੇ । ਉਹ ਆਪਣੇ ਆਪ ਨੂੰ ਘਰ ਦੇ ਅੰਦਰ ਇਕੱਲਤਾ ਵਿੱਚ ਰੱਖਦੇ ਹੋਏ ਸਿਹਤ ਵਿਭਾਗ ਦੀਆਂ ਗਾਇਡਲਾਈਨਜ਼ ਦਾ ਪਾਲਣ ਕਰਣਗੇ ।

2. **ਜਿਥੇ ਕੀਤੇ ਕੋਵਿਡ-19 ਦੇ ਲੱਛਣ ਪਾਏ ਜਾਣ ਜਾਂ ਕੰਨਫਰਮ ਕੇਸ ਪਾਏ ਜਾਣ ਉਹਨਾਂ ਦਫਤਰ ਅਤੇ ਜਨਤਕ ਥਾਵਾਂ ਦੀ ਸਫਾਈ ਸਬੰਧੀ ।**

   ਕੋਵਿਡ ਦੇ ਲੱਛਣ ਫਲੂ ਦੀ ਬੀਮਾਰੀ ਦੇ ਲੱਛਣਾ ਵਾਂਗ ਜੋ ਕਿ ਖਾਂਸੀ, ਬੁਖਾਰ ਅਤੇ ਸਾਹ ਲੈਣ ਦੇ ਵਿੱਚ ਪਰੇਸ਼ਾਨੀ ਵਰਗੇ ਹੀ ਹਨ । ਜੇਕਰ ਕਿਸੇ ਵਿਅਕਤੀ ਵਿੱਚ ਇਸ ਤਰ੍ਹਾਂ ਦਾ ਕੋਈ ਲੱਛਣ ਪਾਇਆ ਜਾਂਦਾ ਹੈ, ਤਾਂ ਉਹ ਵਿਅਕਤੀ ਜਿਸ ਵੀ ਏਰੀਏ ਦੇ ਸੰਪਰਕ ਵਿੱਚ ਆਇਆ ਹੋਵੇ ਉਹ ਹੇਠ ਲਿਖੇ ਅਨੁਸਾਰ ਸਾਫ ਕੀਤਾ ਜਾਣਾ ਚਾਹੀਦਾ ਹੈ :